ੴ ਵਾਹਿਗੁਰੂ ਜੀ ਕੀ ਫਤਹਿ॥
(God is one.all glory to Him)

# ਸਿੱਖ ਮਿਸ਼ਨਰੀ ਸੁਸਾਇਟੀ ਯੂ.ਕੇ.(ਰਜਿਸਟ੍ਰਡ)

# The Sikh Missionary Society U.K. (Regd.)

8-10 FEATHERSTONE ROAD SOUTHALL, MIDDLESEX, UB2 5AA

Web: www.sikhmissionarysocirty.org
Email: info@sikhmissionarysociety.org
Phone : 020 8574 1902
Charity Registration No. 262404

॥ਸਿੱਖੀ ਦੇ ਪ੍ਰਚਾਰ ਲਈ ਮੈਂਬਰ ਬਣ ਕੇ ਸਹਿਯੋਗ ਦਿਓ ਜੀ॥

**ਘਾਲਿ ਖਾਇ ਕਿਛੁ ਹਥਹੁ ਦੇਇ॥ ਨਾਨਕ ਰਾਹੁ ਪਛਾਣਹਿ ਸੇਇ॥**




ਸਤਿਕਾਰਯੋਗ ਮੈਂਬਰ ਸਹਿਬਾਨ ਜੀਓ!

**ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥**

ਵਿਸ਼ਾ – ਇਮਾਰਤ ਦੇ ਵਿਸਥਾਰ ਲਈ ਮਾਇਆ/ਦਸਵੰਧ ਭੇਜਣ ਵਾਸਤੇ ਬੇਨਤੀ ਪੱਤਰ।

ਸਿੱਖ ਮਿਸ਼ਨਰੀ ਸੁਸਾਇਟੀ ਯੂ.ਕੇ. ਦੇ ਉਦੇਸ਼ਾਂ ਦੇ ਪ੍ਰਚਾਰ ਨੂੰ ਵਧਾਉਣ ਲਈ ਪਿਛਲੇ ਦੋ ਸਾਲਾਂ ਵਿੱਚ ਕਮੇਟੀ ਨੇ ਕਾਫ਼ੀ ਉੱਦਮ ਕੀਤਾ। ਬੱਚਿਆਂ ਨੂੰ ਪੰਜਾਬੀ ਮਾਂ-ਬੋਲੀ ਨਾਲ ਜੋੜਣ ਲਈ ਪੰਜਾਬੀ ਕਲਾਸਾਂ 'ਚ ਵਾਧਾ, ਸ਼ੁੱਧ ਗੁਰਬਾਣੀ ਪਾਠ ਸਿਖਲਾਈ ਲਈ ਗੁਰਬਾਣੀ ਸੰਥਿਆ ਸ਼ੁਰੂ ਕੀਤੀ। ਸਿੱਖ ਇਤਿਹਾਸ ਤੋਂ ਜਾਣੂ ਕਰਵਾਉਣ ਲਈ ਸੈਮੀਨਾਰ, ਲੈਕਚਰਜ, ਵਿਸ਼ੇਸ਼ ਚਰਚਾਵਾਂ ਅਤੇ ਹੋਰ ਧਾਰਮਿਕ ਸਮਾਗਮ ਕਰਵਾਏ ਗਏ। ਕੀਰਤਨ, ਤਬਲਾ ਕਲਾਸਾਂ ਅਤੇ ਗੁਰਮਤਿ ਕਲਾਸਾਂ ਦੇ ਪ੍ਰੋਗਰਾਮਾਂ ਦਾ ਸੋਹਣਾ ਪ੍ਰਬੰਧ ਕੀਤਾ ਗਿਆ। ਅਸੀਂ ਚਾਹੁੰਦੇ ਹਾਂ ਕਿ ਨੌਜਵਾਨ ਬੱਚੇ-ਬੱਚੀਆਂ ਨੂੰ ਆਪਣੇ ਮਹਾਨ ਵਿਰਸੇ ਤੋਂ ਜਾਣੂ ਕਰਵਾਉਣ ਅਤੇ ਸਿੱਖ ਪ੍ਰੋਫੈਸ਼ਨਲਜ਼ ਨੂੰ ਸਿੱਖ ਧਰਮ ਅਤੇ ਸਿੱਖ ਇਤਿਹਾਸ ਤੋਂ ਜਾਣੂ ਕਰਵਾਉਣ ਲਈ ਸੈਮੀਨਾਰ, ਲੈਕਚਰ ਤੇ ਵਿਚਾਰ ਚਰਚਾ ਦੇ ਪ੍ਰੋਗਰਾਮ ਕੀਤੇ ਜਾਣ।

ਇਹਨਾਂ ਸਾਰੇ ਕਾਰਜਾਂ ਦੀ ਪੂਰਤੀ ਲਈ ਸੁਚੱਜਾ ਤੇ ਵਧੀਆ ਪ੍ਰਬੰਧ ਕਰਨ ਲਈ ਕਮੇਟੀ ਨੇ ਹੋਰ ਜਗ੍ਹਾ ਦੀ ਲੋੜ ਮਹਿਸੂਸ ਕੀਤੀ। ਉਪਰੰਤ ਕੌਂਸਲ ਅਤੇ ਜਨਰਲ ਬਾਡੀ ਦੀ ਪ੍ਰਵਾਨਗੀ ਨਾਲ ਨਵੀਂ ਇਮਾਰਤ (ਸੈਮੀਨਾਰ ਹਾਲ) ਦੀ ਉਸਾਰੀ ਪ੍ਰਾਰੰਭ ਕੀਤੀ ਗਈ ਹੈ। ਇਸ ਇਮਾਰਤ ਦੀ ਤਿਆਰੀ ਨਵੰਬਰ ਮਹੀਨੇ ਤੱਕ ਪੂਰੀ ਹੋਣ ਦੀ ਸੰਭਾਵਨਾ ਹੈ। ਪਰ ਇਹ ਸਾਰੀ ਸੇਵਾ ਆਪ ਜੀ ਅਤੇ ਸੰਗਤ ਦੇ ਸਹਿਯੋਗ ਨਾਲ ਹੀ ਨੇਪਰੇ ਚੜ੍ਹ ਸਕਦੀ ਹੈ।

ਆਪ ਜੀ ਅੱਗੇ ਸਨਿਮਰ ਬੇਨਤੀ ਹੈ ਕਿ ਇਸ ਕਾਰਜ ਲਈ ਵੱਧ ਤੋਂ ਵੱਧ ਮਾਇਆ ਦੇ ਕੇ ਸੇਵਾ ਵਿੱਚ ਹਿੱਸਾ ਪਾਓ ਅਤੇ ਹੋਰਨਾਂ ਨੂੰ ਵੀ ਇਸ ਕਾਰਜ ਨੂੰ ਪੂਰਾ ਕਰਨ ਲਈ ਮਾਇਆ ਲਈ ਬੇਨਤੀ ਕਰੋ ਜੀ। ਆਪ ਜੀ ਮਾਇਆ ਚੈੱਕ ਰਾਹੀਂ ਜਾਂ ਹੇਠਾਂ ਦਿੱਤੇ ਹੋਏ ਅਕਾਉਂਟ ਨੰਬਰ ਵਿੱਚ ਜਮ੍ਹਾ ਕਰਵਾ ਸਕਦੇ ਹੋ। ਆਪ ਜੀ ਦੇ ਬਹੁਤ ਧੰਨਵਾਦੀ ਹੋਵਾਂਗੇ।

ਪੰਥ ਦੇ ਸ਼ੁਭਚਿੰਤਕ,
ਸਿੱਖ ਮਿਸ਼ਨਰੀ ਸੁਸਾਇਟੀ ਯੂ.ਕੇ. ਦੇ ਸਮੂੰਹ ਸੇਵਾਦਾਰ

**Account Name : The Sikh Missionary Society (U.K)**
**HSBC UK Bank, Sort Code 40-42-13, A/C No. 61600109**